September 15, 2016

# 20 ਰੁਪਏ ਦੇ ਬੈਂਕ ਨੋਟਾਂ ਨੂੰ ਇਨਸੈਟ ਲੈਟਰ 'R' ਨਾਲ, ਨੰਬਰ ਪੈਨਲ ਦੇ ਨੰਬਰਾਂ ਨੂੰ ਵਧਦੇ ਕ੍ਰਮ ਵਿੱਚ, ਅਤੇ ਇੰਟੈਗਲਿਓ ਪ੍ਰਿੰਟਿੰਗ ਤੋਂ ਬਿਨਾਂ ਜਾਰੀ ਕਰਨਾ

ਭਾਰਤੀ ਰਿਜ਼ਰਵ ਬੈਂਕ ਬਹੁਤ ਜਲਦ ਮਹਾਤਮਾ ਗਾਂਧੀ ਲੜੀ-2005 ਦੇ 20 ਰੁਪਏ ਦੇ ਬੈਂਕ ਨੋਟ ਜਾਰੀ ਕਰੇਗੀ, ਇਹ ਨੋਟ ਦੋਵੇਂ ਨੰਬਰ ਪੈਨਲਾਂ ਤੇ ਇਨਸੈਟ ਲੈਟਰ 'R' ਨਾਲ ਹੋਣਗੇ, ਅਤੇ ਉਹਨਾਂ ਉੱਪਰ ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਡਾ. ਉਰਜਿਤ ਆਰ ਪਟੇਲ ਦੇ ਦਸਤਖਤ ਹੋਣਗੇ, ਅਤੇ ਬੈਂਕ ਨੋਟ ਦੇ ਪਿਛਲੇ ਪਾਸੇ ਛਪਾਈ ਦਾ ਸਾਲ 2016 ਪ੍ਰਿੰਟ ਹੋਵੇਗਾ।

ਇਹਨਾਂ ਬੈਂਕ ਨੋਟਾਂ ਦਾ ਡਿਜ਼ਾਈਨ ਅਤੇ ਸੁਰੱਖਿਆ ਫੀਚਰ ਪਹਿਲਾਂ ਜਾਰੀ ਕੀਤੇ ਮਹਾਤਮਾ ਗਾਂਧੀ ਲੜੀ-2005 ਦੇ, 20 ਰੁਪਏ ਦੇ ਬੈਂਕ ਨੋਟਾਂ ਦੇ ਵਾਂਗ ਹੋਣਗੇ, ਪਰ ਹੇਠ ਲਿਖੇ ਫੀਚਰਾਂ ਨੂੰ ਛੱਡ ਕੇ:

ਅੰਤਰ

ਨੰਬਰਾਂ ਦਾ ਵਧਦਾ ਕ੍ਰਮ

ਦੋਵੇਂ ਨੰਬਰ ਪੈਨਲਾਂ ਵਿੱਚ ਖੱਬੇ ਤੋਂ ਸੱਜੇ ਪਾਸੇ ਵੱਲ ਨੂੰ ਨੰਬਰ ਵਧਦੇ ਕ੍ਰਮ ਵਿੱਚ ਹੋਣਗੇ ਅਤੇ ਪਹਿਲੇ ਤਿੰਨ ਅੱਖਰਾਂ (ਅਗੇਤਰ) ਦਾ ਅਕਾਰ ਬਰਾਬਰ ਰਹੇਗਾ।

ਇੰਟੈਗਲਿਓ ਪ੍ਰਿੰਟਿੰਗ

'20' ਦਾ ਅੰਕ, ਆਰ.ਬੀ.ਆਈ. ਦੀ ਸੀਲ, ਮਹਾਤਮਾ ਗਾਂਧੀ ਦਾ ਪੋਰਟ੍ਰੇਟ, ਆਰ.ਬੀ.ਆਈ. ਦਾ ਲੀਜੇਂਡ, ਗਾਰੰਟੀ ਅਤੇ ਵਾਅਦਾ ਕਲੌਜ਼, ਗਵਰਨਰ ਦੇ ਦਸਤਖ਼ਤ, ਅਸ਼ੋਕਾ ਥੰਮ੍ਹ ਚਿੰਨ੍ਹ, ਜੋ ਕਿ ਇੰਟੈਗਲਿਓ (ਉਭਰੇ ਹੋਇਆ ਪ੍ਰਿੰਟ) ਵਿੱਚ ਛਪਦੇ ਸਨ, ਹੁਣ ਔੱਫਸੇਟ (ਬਿਨਾਂ ਉਭਰੇ ਹੋਏ ਪ੍ਰਿੰਟ) ਵਿੱਚ ਛਪਦੇ ਹਨ। ਨੋਟ ਦੇ ਖੱਬੇ ਪਾਸੇ ਤੋਂ ਆਇਤਾਕਾਰ ਪਹਿਚਾਣ ਚਿੰਨ ਵੀ ਹਟਾ ਦਿੱਤਾ ਗਿਆ ਹੈ।

ਰੰਗ

ਨੋਟ ਦੇ ਪਿਛਲੇ ਪਾਸੇ ਦੇ ਰੰਗ ਵਿੱਚ ਕੋਈ ਤਬਦੀਲੀ ਨਹੀਂ ਹੈ, ਜਦ ਕਿ ਨੋਟ ਦੇ ਮੁੱਖ ਪਾਸੇ ਦਾ ਰੰਗ ਪਹਿਲਾਂ ਨਾਲੋਂ ਫਿੱਕਾ ਹੈ (ਇੰਟੈਗਲਿਓ ਪ੍ਰਿੰਟ ਦੇ ਹਟਾਉਣ ਕਰਕੇ)।

ਛਿਪਿਆ ਹੋਇਆ (ਲਾਗਦੇਗਾ) ਚਿੱਤਰ

ਮਹਾਤਮਾ ਗਾਂਧੀ ਪੋਰਟ੍ਰੇਟ ਦੇ ਸੱਜੇ ਪਾਸੇ ਦੇ ਲੰਬਕਾਰੀ ਬੈਂਡ ਵਿੱਚ '20' ਦੇ ਅੰਕ ਦਾ ਇੱਕ ਛੁਪਿਆ ਹੋਇਆ ਚਿੱਤਰ ਹੁੰਦਾ ਸੀ। ਇਹ ਛੁਪਿਆ ਹੋਇਆ ਚਿੱਤਰ ਉਦੋਂ ਹੀ ਦਿਖਦਾ ਸੀ ਜਦੋਂ ਨੋਟ ਨੂੰ ਅੱਖ ਦੇ ਹੌਰੀਜੋਂਟਲ ਲੈਵਲ ਤੇ ਫੜਿਆ ਜਾਵੇ। ਇਹ ਫੀਚਰ ਹੁਣ ਮੌਜੂਦ ਨਹੀਂ ਹੈ।

ਨੋਟ ਦਾ ਪਿਛਲਾ ਪਾਸਾ

ਨੋਟ ਦੇ ਪਿਛਲੇ ਪਾਸੇ ਵਿੱਚ ਕੋਈ ਬਦਲਾਵ ਨਹੀਂ ਹੈ।

ਬੈਂਕ ਨੋਟ ਦੇ ਨਮੂਨੇ ਦਾ ਚਿੱਤਰ ਇਸ ਪ੍ਰਕਾਰ ਹੈ:







ਇਸ ਤੋਂ ਪਹਿਲਾਂ ਬੈਂਕ ਵਲੋਂ ਜਾਰੀ ਕੀਤੇ ਗਏ 20 ਰੁਪਏ ਦੇ ਨੋਟ ਕਨੂੰਨੀ ਟੈਂਡਰ ਹੀ ਰਹਿਣਗੇ।

ਅਜੀਤ ਪ੍ਰਸਾਦ

ਪ੍ਰੈਸ ਰਿਲੀਜ਼ : 2016-2017/678 (ਸਹਾਇਕ ਸਲਾਹਕਾਰ)